WORKSAFE BC
WORKING TO MAKE A DIFFERENCE
worksafebc.com

WORKSAFE BULLETIN

# ਕੀ ਤੁਸੀਂ ਆਪਣੇ ਪਰਵਾਰ ਨੂੰ ਜਾਨ-ਲੇਵਾ ਐਸਬੈਸਟਸ ਫ਼ਾਈਬਰ ਦੇ ਖ਼ਤਰੇ ਵਿੱਚ ਪਾ ਰਹੇ ਹੋ?

ਰਸੋਈ ਦੀ ਮੁਰੰਮਤ ਸਮੇਂ ਇੱਕ ਠੇਕੇਦਾਰ ਨੇ ਬਗੈਰ ਕਿਸੇ ਸਾਵਧਾਨੀ ਦੇ ਐਸਬੈਸਟਸ ਵਾਲਾ ਲਿਨੋਲੀਅਮ ਫਰਸ਼ ਪੁੱਟਿਆ। ਐਸਬੈਸਟਸ ਦੀ ਧੂੜ ਸਾਰੇ ਘਰ ਵਿੱਚ ਫੈਲ ਗਈ ਅਤੇ ਪਰਵਾਰ ਦੇ ਜੀਅ ਐਸਬੈਸਟਸ ਫ਼ਾਈਬਰ ਦੇ ਸੰਪਰਕ ਵਿੱਚ ਆ ਗਏ। ਸਾਰੇ ਘਰ ਨੂੰ ਫ਼ਾਈਬਰ ਮੁਕਤ ਕਰਨ ਲਈ ਸਾਫ਼ ਸੁਥਰਾ ਕਰਵਾਉਣਾ ਪਿਆ।

## ਐਸਬੈਸਟਸ ਕੀ ਹੈ?

ਐਸਬੈਸਟਸ ਇੱਕ ਸੰਭਾਵੀ ਜਾਨ-ਲੇਵਾ ਖਣਿਜ ਹੈ ਜੋ ਬਹੁਤ ਸਖ਼ਤ ਹੈ ਅਤੇ ਰਸਾਇਣਾਂ ਅਤੇ ਗਰਮੀ ਦਾ ਇਸਤੇ ਕੋਈ ਖਾਸ ਅਸਰ ਨਹੀਂ ਹੁੰਦਾ। 1990 ਤੱਕ, ਇਸ ਨੂੰ ਆਮ ਤੌਰ ਤੇ ਛੱਤਾਂ ਦੀ ਸਜਾਵਟ, ਡਰਾਈ ਵਾਲ ਮਡ, ਫਰਸ਼ਾਂ ਅਤੇ ਐਟਿਕ ਦੀ ਇਨਸੂਲੇਸ਼ਨ ਲਈ ਵਰਤਿਆ ਜਾਂਦਾ ਸੀ। ਮੁਰੰਮਤ ਵੇਲੇ ਜਾਂ ਬਿਲਡਿੰਗ ਢਾਹੁਣ ਵੇਲੇ ਜੇ ਇਨ੍ਹਾਂ ਜਗ੍ਹਾਂ ਨੂੰ ਛੇੜਿਆ ਜਾਵੇ ਜਿਵੇਂਕਿ ਇਨ੍ਹਾਂ ਵਿੱਚ ਮੋਰੀ ਕੀਤੀ ਜਾਵੇ, ਆਰੇ ਨਾਲ ਚੀਰਿਆ ਜਾਵੇ, ਰੇਗਮਾਰ ਨਾਲ ਰਗੜਿਆ ਜਾਵੇ ਜਾਂ ਤੋੜਿਆ ਜਾਵੇ ਤਾਂ ਕਾਮੇਂ ਅਤੇ ਪਰਵਾਰ ਦੇ ਜੀਅ ਐਸਬੈਸਟਸ ਦੀ ਧੂੜ ਸਾਹ ਰਾਹੀਂ ਲੈ ਸਕਦੇ ਹਨ। ਜੇ ਕਰ ਲੋਕ ਕਾਫ਼ੀ ਐਸਬੈਸਟਸ ਫ਼ਾਈਬਰ ਸਾਹ ਰਾਹੀਂ ਅੰਦਰ ਲੰਘਾ ਲੈਂਦੇ ਹਨ ਤਾਂ ਉਨ੍ਹਾਂ ਦੇ ਫੇਫੜਿਆਂ ਨੂੰ ਪੱਕੇ ਤੌਰ ਤੇ ਨੁਕਸਾਨ ਹੋ ਸਕਦਾ ਹੈ ਅਤੇ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ।


*ਐਸਬੈਸਟਸ- ਵਾਲੀ ਵਰਮੀਕੁਲਾਈਟ ਐਟਿਕ ਇਨਸੂਲੇਸ਼ਨ*

## ਇਹ ਮੈਨੂੰ ਕਿਵੇਂ ਪਤਾ ਲਗੇ ਕਿ ਮੇਰੇ ਘਰ ਵਿੱਚ ਐਸਬੈਸਟਸ ਹੈ?

ਤੁਸੀਂ ਇਮਾਰਤ ਦੇ ਸ਼ੱਕੀ ਹਿਸਿਆਂ ਦੇ ਸੈਂਪਲ ਲੈਬਾਰਟਰੀ ਵਿੱਚ ਟੈਸਟ ਲਈ ਭੇਜ ਸਕਦੇ ਹੋ। **ਇਹ ਤੁਹਾਨੂੰ ਆਪਣੇ ਆਪ ਨਹੀਂ ਕਰਨਾ ਚਾਹੀਦਾ** – ਬਲਕਿ ਐਸਬੈਸਟਸ ਦੇ ਖ਼ਤਰਿਆਂ ਦਾ ਮੁੱਲਾਂਕਣ ਕਰਨ ਦੀ ਯੋਗਤਾ ਪਰਾਪਤ ਕਿਸੇ ਸਰਵੇਅਰ ਜਾਂ ਸਲਾਹਕਾਰ ਕੋਲੋਂ ਨਮੂਨੇ ਇਕੱਠੇ ਕਰਵਾਉਣੇ ਚਾਹੀਦੇ ਹਨ। ਕੋਈ ਨਮੂਨਾ ਇਕੱਠਾ ਕਰਨ ਤੋਂ ***ਪਹਿਲਾਂ*** ਉਸਦੀ ਕਾਬਲੀਅਤ ਦਾ ਪਰਮਾਣ ਪਤਰ ਦੇਖੋ। ਯਾਦ ਰੱਖੋ, ਕਿ ਸਾਰੇ ਐਸਬੈਸਟਸ – ਛੁਪੇ ਐਸਬੈਸਟਸ ਸਮੇਤ – ਪਛਾਣੇ ਜਾਣੇ ਚਾਹੀਦੇ ਹਨ!


*ਵਰਮੀਕੁਲਾਈਟ ਐਟਿਕ ਇਨਸੂਲੇਸ਼ਨ ਵਿੱਚ ਐਸਬੈਸਟਸ ਫ਼ਾਈਬਰ*

## ਮੈਂ ਆਪਣੇ ਪਰਵਾਰ ਅਤੇ ਆਪਣੇ ਆਪ ਨੂੰ ਕਿਵੇਂ ਬਚਾਵਾਂ?

ਸੁਰੱਖਿਆ ਲਈ, ਐਸਬੈਸਟਸ ਵਾਲੀਆਂ ਸਾਰੀਆਂ ਚੀਜ਼ਾਂ ਨੂੰ ਐਸਬੈਸਟਸ ਹਟਾਉਣ ਲਈ ਸਿਖਲਾਈ ਪਰਾਪਤ ਕਾਮੇਂ ਹਿਫ਼ਾਜ਼ਤੀ ਕਪੜੇ ਅਤੇ ਸਾਹ ਲੈਣ ਦਾ ਯੰਤਰ ਪਹਿਣ ਕੇ ਹਟਾਉਣ। ਜਦ ਤੱਕ ਕਿ ਤੁਸੀਂ ਸਿਖਲਾਈ ਪਰਾਪਤ ਅਤੇ ਯੋਗ ਨਹੀਂ ਤੁਹਾਨੂੰ ਆਪਣੇ ਆਪ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਜੇ ਕਰ ਤੁਹਾਡੇ ਘਰ ਵਿੱਚ ਕੰਮ ਕਰਦੇ ਹੋਏ ਅਸੁਰੱਖਿਅਤ ਕਾਮੇਂ ਐਸਬੈਸਟਸ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਤੁਸੀਂ ਜ਼ਿਮੇਵਾਰ ਹੋ!

ਇਹ ਘਰ ਦੇ ਮਾਲਕ ਦੀ ਜ਼ਿੰਮੇਵਾਰੀ ਹੈ ਕਿ ਐਸਬੈਸਟਸ ਵਾਲਾ ਕੋਈ ਵੀ ਕੰਮ ਸ਼ੁਰੂ ਕਰਨ ਤੋਂ ***ਪਹਿਲਾਂ*** ਐਸਬੈਸਟਸ ਸਲਾਕਾਰ, ਐਸਬੈਸਟਸ ਘੱਟ ਕਰਨ ਜਾਂ ਢਾਹੁਣ ਵਾਲੇ ਠੇਕੇਦਾਰ ਦੀ ਯੋਗਤਾ ਦੀ ਤਸੱਲੀ ਕਰੇ।


*ਫ਼ਰਸ਼ ਤੋਂ ਐਸਬੈਸਟਸ ਹਟਾਉਂਦਾ ਹੋਇਆ ਸੁਰੱਖਿਅਤ ਕਾਮਾਂ*

## ਹੋਰ ਜਾਣਕਾਰੀ ਲਈ

ਘਰਾਂ ਵਿੱਚ ਐਸਬੈਸਟਸ ਬਾਰੇ ਜਾਣਕਾਰੀ ਲਈ,
www.worksafebc.com ਤੇ ਜਾਓ ਅਤੇ "ਐਸਬੈਸਟਸ" ਬਾਰੇ ਲੱਭੋ।

# ਐਸਬੈਸਟਸ ਦੇ ਸੰਭਵ ਸੋਮੇ




WORKSAFE BC
WORKING TO MAKE A DIFFERENCE
worksafebc.com



ਵਰਕਸੇਫਬੀ.ਸੀ. ਦੀ ਰੋਕਥਾਮ ਜਾਣਕਾਰੀ ਲਾਈਨ: 604 276-3100 ਜਾਂ ਟੋਲ-ਫਰੀ 1 888 621-SAFE (7233)